ਵਰਲਡ ਪੰਜਾਬੀ ਟਾਈਮਜ਼ 09 ਅਗਸਤ 2025 ਦਿਨ ਸ਼ਨੀਵਾਰ

## ਰੱਖੜੀ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਰੱਖੜੀ ਦਾ ਤਿਉਹਾਰ ਹੈ ਆਇਆ,

ਸਾਰਿਆਂ ਲਈ ਖੁਸ਼ੀਆਂ ਲਿਆਇਆ।

ਭੈਣ ਭਰਾ ਦੇ ਪਿਆਰ ਨੂੰ ਸਿਜਦਾ,

ਔਖੇ ਸਮੇਂ ਵਿੱਚ ਵੀ ਨਿਭਦਾ।

ਮੋਹ ਭਰਿਆ ਇਹ ਰਿਸ਼ਤਾ ਪਿਆਰਾ,

ਸਾਰੇ ਜੱਗ ਨਾਲੋਂ ਵੱਖਰਾ ਨਿਆਰਾ

ਧਨ, ਦੌਲਤ ਦੀ ਭੁੱਖ ਨਹੀਂ ਇਹਨੂੰ ,

ਭੈਣ ,ਭਰਾ ਦੀ ਸਲਾਮਤੀ ਮੰਗੇ ।

ਭਰਾ ਦੀ ਝੋਲ਼ੀ ਖੁਸ਼ੀਆਂ ਪੈ ਜਾਣ,

ਹਰ ਪਲ਼ ਭੈਣ ਦੁਆ ਹੈ ਮੰਗੇ।

ਭੈਣਾਂ ਭਰਾ ਦਾ ਤਾਜ ਹੁੰਦੀਆਂ,

ਕਾਇਮ ਰੱਖਣ ਸਰਦਾਰੀ,

ਇੱਕ ਬੋਲ ਤੇ ਭੱਜੀਆਂ ਆਵਣ,

ਮਾਰ ਕੇ ਲੰਮੀ ਉਡਾਰੀ।

ਰੱਖੜੀ ਜਦੋਂ ਗੁੱਟ ਤੇ ਬੱਝੇ ,

ਦੁੱਖ,ਦਲਿੱਦਰ ਨੱਸ ਕੇ ਭੱਜੇ।

ਕਾਇਮ ਰਹੇ ਇਹ ਪਿਆਰ ਦਾ ਰਿਸ਼ਤਾ,

ਨਜ਼ਰ ਕਦੇ ਨਾ ਲੱਗੇ।

ਮੋਹ ਦਾ ਧਾਗਾ ਸਲਾਮਤੀ ਲਿਆਵੇ

ਚਾਹੇ ਲੱਖ ਹਨੇਰੀਆਂ ਵੱਗੇ।

## ਰੱਖੜੀ



ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ

ਭੈਂਣ ਮੇਰੀ ਨੇ ਮੇਰੇ ਘਰ ਆਓਂਣੈ ਕੱਲ੍ਹ ਨੂੰ
ਭੈਂਣ ਲਈ ਨਵਾਂ ਸੂਟ ਲਿਆਓਣੈਂ ਕੱਲ੍ਹ ਨੂੰ
ਵੇਹੜੇ ਵਿੱਚ ਡਾਹਕੇ ਪਲੰਘ ਨਵਾਰੀ
ਬਿਸਤਰਾ ਨਵਾਂ ਵਿਛਾਓਣੈਂ ਕੱਲ੍ਹ ਨੂੰ
ਵੇਹੜੇ ਵਿੱਚ ਪੈਰ ਜਦੋਂ ਭੈਂਣ ਨੇ ਪਾਓਣੇਂ
ਮੈਂ ਬਰੂਹੀਂ ਤੇਲ਼ ਚਵਾਓਣੈਂ ਕੱਲ੍ਹ ਨੂੰ

ਸੋਹਣੇਂ ਗੁੱਟ ਤੇ ਬੰਨ੍ਹਵਾਕੇ ਰੱਖੜੀ
ਮੈਂ ਆਪਣਾਂ ਗੁੱਟ ਸਜਾਓਣੈਂ ਕੱਲ੍ਹ ਨੂੰ
ਰੱਬ ਬੇਸ਼ੱਕ ਰੁੱਸ ਜਾਵੇ ਨਾਲ ਮੇਰੇ
ਮੈਂ ਆਪਣੀਂ ਭੈਂਣ ਨੂੰ ਕੋਲ਼ ਬਿਠਾਓਣੈਂ ਕੱਲ੍ਹ ਨੂੰ
ਵੇਹੜੇ ਵਿੱਚ ਪੈਰ ਜਦੋਂ ਭੈਂਣ ਨੇ ਪਾਓਣੇਂ
ਮੈਂ ਬਰੂਹੀਂ ਤੇਲ਼ ਚਵਾਓਣੈਂ ਕੱਲ੍ਹ ਨੂੰ

ਬੇਕਦਰੇ, ਨੇਂ ਰੱਬ ਦਾ ਸ਼ੁਕਰ ਮਨਾਇਆ
ਮੈਂ ਰੁੱਸਿਆ ਰੱਬ ਮਨਾਓਣੈਂ ਕੱਲ੍ਹ ਨੂੰ
ਦਿਲ ਵਿੱਚ ਮੇਰੇ ਸਤਿਕਾਰ ਬੜਾ ਹੈ
ਮੈਂ ਸੀਨਾਂ ਚੀਰ ਦਖਾਓਣੈਂ ਕੱਲ੍ਹ ਨੂੰ
ਵੇਹੜੇ ਵਿੱਚ ਪੈਰ ਜਦੋਂ ਭੈਂਣ ਨੇ ਪਾਓਣੇਂ
ਮੈਂ ਬਰੂਹੀਂ ਤੇਲ਼ ਚਵਾਓਣੈਂ ਕੱਲ੍ਹ ਨੂੰ

## ਰੱਖੜੀ




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਧਾਗਿਆਂ ਦੇ ਵਿਚ ਪਰੋਇਆ ਪਿਆਰ ਰੱਖੜੀ।
ਭੈਣ ਭਰਾ ਦਾ ਪਿਆਰ ਸਤਿਕਾਰ ਰੱਖੜੀ।

ਭਾਰਤ ਵਰਸ਼ ਦਾ ਇਹ ਤਿਉਹਾਰ ਰੱਖੜੀ।
ਰਕਸ਼ਾ ਬੰਧਨ ਤੋਂ ਹੋਈ ਬਲਕਾਰ ਰੱਖੜੀ।

ਸਾਵਣ ਦੇ ਮਹਿਨੇ ਆਏ ਰੱਖੜੀ
ਪੰਡਤਾਂ ਨੇ ਰਚਿਆ ਚੰਦਨ ਰੱਖੜੀ।

ਡੋਰਾਂ ਡੋਰੀਆਂ ਦੇ ਵਿਚ ਸਤਿਕਾਰ ਰੱਖੜੀ।
ਰੰਗੀਨ ਧਾਗਿਆਂ ਦਾ ਤਿਉਹਾਰ ਇਹ ਰੱਖੜੀ।

ਵੀਰਾਂ ਦੀ ਸੁੱਖ ਮੰਗਣ ਭੈਣਾਂ ਕਰਨ ਦੁਵਾਵਾਂ।
ਇਹ ਦਿਵਸ ਗਿਆ ਸ਼ਿੰਗਾਰਿਆ ਪੰਜ ਦਰਿਆਵਾਂ।

ਵਿਸ਼ਵ ਭਰ ਚਮਕ ਦਮਕ ਦਾ ਨਿਖਾਰ ਰੱਖੜੀ।
ਪਿੰਡਾਂ ਤਾਈਂ ਨੁਹਾਰ ਸਾਡਾ ਸੱਭਿਆਚਾਰ ਰੱਖੜੀ।

ਦੇਵੀ ਦੇਵਤੇ ਬੇਕੁੰਠ ਅਰਸ਼ੋ ਦੇਣ ਵਧਾਈਆਂ।
ਅਪੱਛਰਾਂ ਵੀ ਰਾਖੀ ਬੰਧਨ ਲਈ ਆਈਆਂ।
ਚਾਰ ਚੁਫੇਰੇ ਮੀਨਾਕਾਰੀ ਪ੍ਰਭੂ

ਮਹਿਰਾਂ ਵਰ੍ਹਾਈਆਂ।
ਫਰਸ਼ਾਂ ਤੇ ਰੱਖੀਂ ਹਮੇਸ਼ਾ ਆਪਣੀ ਨਜ਼ਰ ਸੁਹਾਈ ਵਾਹਿਗੁਰੂ ਮੇਰੇ ਸਾਈਆਂ।

## ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ

ਵਰਲਡ ਪੰਜਾਬੀ ਟਾਈਮਜ਼
ਰਾਜਿੰਦਰ ਰਾਣੀ



ਰਿਸ਼ਤੇ ਤਾਂ ਕਈ ਹੁੰਦੇ ਹਨ ਦੁਨੀਆਂ 'ਚ ਪਰ ਇੱਕ ਰਿਸ਼ਤਾ ਬਹੁਤ ਹੀ ਖਾਸ ਹੁੰਦਾ ਹੈ ਇਹ ਰਿਸ਼ਤਾ ਹੈ ਭਰਾ ਅਤੇ ਭੈਣ ਦਾ ਭਰਾ ਅਤੇ ਭੈਣ ਚਾਹੇ ਕਿੰਨੀ ਵੀ ਦੂਰ ਕਿਉਂ ਨਾ ਹੋਣ, ਉਨ੍ਹਾਂ ਦਾ ਪਿਆਰ ਕਦੇ ਘੱਟ ਨਹੀਂ ਹੁੰਦਾ। ਹਰ ਇੱਕ ਭੈਣ ਨੂੰ ਹਰੇਕ ਸਾਲ ਇੱਕ ਵਿਸ਼ੇਸ ਦਿਨ ਰੱਖੜੀ ਦੇ ਤਿਉਹਾਰ ਦਾ ਇੰਤਜ਼ਾਰ ਹੁੰਦਾ ਹੈ, ਇਸ ਦਿਨ ਭੈਣ ਬੜੇ ਹੀ ਚਾਵਾਂ ਅਤੇ ਦਿਲ ਦੀਆਂ ਸੱਧਰਾਂ ਨਾਲ ਆਪਣੇ ਭਰਾ ਨੂੰ ਸੱਚੇ ਦਿਲ ਤੇ ਪ੍ਰੇਮ ਭਾਵਨਾ ਨਾਲ ਰੱਖੜੀ ਬੰਨਦੀ ਹੈ। ਰੱਖੜੀ ਸ਼ਬਦ ਦਾ ਅਰਥ ਹੈ, ਰੱਖਿਆ ਕਰਨ ਵਾਲਾ ਧਾਗਾ। ਇਸ ਤਿਉਹਾਰ 'ਤੇ ਭੈਣਾਂ ਆਪਣੇ ਭਰਾ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਹਨ ਤੇ ਬਦਲੇ ਵਿੱਚ ਭਰਾ ਆਪਣੀਆਂ ਭੈਣਾਂ ਨੂੰ ਜੀਵਨ ਭਰ ਰੱਖਿਆ ਕਰਨ ਦਾ ਵਚਨ ਦਿੰਦੇ ਹਨ। ਰੱਖੜੀ ਸ਼ਬਦ ਦੋ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ, ਰੱਖ+ੜੀ। ਰੱਖ ਤੋਂ ਭਾਵ ਹੈ ਸੁਰੱਖਿਆ ਜਾਂ ਮਹਿਫ਼ੂਜ਼ ਅਤੇ ੜੀ ਤੋਂ ਭਾਵ ਹੈ ਕਰਨ/ਰੱਖਣ ਵਾਲਾ ਜਾਂ ਵਾਲੀ। ਇਸ ਤਰ੍ਹਾਂ ਰੱਖੜੀ ਸ਼ਬਦ ਦਾ ਅਰਥ ਬਣਦਾ ਹੈ ਸੁਰੱਖਿਆ ਕਰਨ ਵਾਲੀ ਜਾਂ ਮਹਿਫ਼ੂਜ਼ ਰੱਖਣ ਵਾਲੀ।

ਰਕਸ਼ਾ ਤੋਂ ਭਾਵ ਹੈ ਰਾਖੀ ਅਤੇ ਬੰਧਨ ਦਾ ਅਰਥ ਹੈ ਗੰਢ। ਇਹ ਤਿਉਹਾਰ ਭੈਣ-ਭਰਾ ਦੇ ਗੂੜ੍ਹੇ ਰਿਸ਼ਤੇ ਅਤੇ ਸਦੀਵੀ ਪਿਆਰ ਨੂੰ ਦਰਸਾਉਂਦਾ ਹੈ। ਇਹ ਸਾਵਣ ਦੇ ਮਹੀਨੇ ਵਿੱਚ ਆਉਣ ਵਾਲਾ ਮੁੱਖ ਤਿਉਹਾਰ ਹੈ।

ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਦੇਸ਼ ਭਰ ਵਿਚ ਸਾਉਣ ਮਹੀਨੇ ਦੀ ਪੁੰਨਿਆ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਸਾਰੀਆਂ ਭੈਣਾਂ ਆਪਣੇ ਭਰਾਵਾਂ ਦੀ ਲੰਬੀ ਉਮਰ ਦੀਆਂ ਅਰਦਾਸਾਂ ਕਰਦੀਆਂ ਹਨ ਅਤੇ ਉਨ੍ਹਾਂ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਹਨ। ਉਸ ਦਾ ਖਿਆਲ ਰੱਖਦੀ ਹੈ ਭੈਣ ਛੋਟੀ ਹੋਵੇ ਜਾਂ ਵੱਡੀ, ਉਹ ਹਮੇਸ਼ਾ ਭਰਾ ਦਾ ਖਿਆਲ ਰੱਖਦੀ ਹੈ ਅਤੇ ਆਪਣੇ ਭਰਾ ਨਾਲ ਬਹੁਤ ਪਿਆਰ ਕਰਦੀ ਹੈ ਅਜਿਹਾ ਤਿਉਹਾਰ ਹੈ ਜੋ ਇਸ ਪਿਆਰ ਨੂੰ ਕਈ ਗੁਣਾ ਵਧਾ ਦਿੰਦਾ ਹੈ, ਉਹ ਹੈ ਰੱਖੜੀ ਦਾ ਤਿਉਹਾਰ।

ਰੱਖੜੀ ਦੇ ਤਿਉਹਾਰ ਨਾਲ ਬਹੁਤ ਸਾਰੀਆਂ ਇਤਿਹਾਸਕ ਤੇ ਮਿਥਿਹਾਸਕ ਕਥਾਵਾਂ ਜੁੜੀਆਂ ਹੋਈਆਂ ਹਨ। ਜਿਨ੍ਹਾਂ ਵਿਚੋਂ ਇਕ ਪ੍ਰਸਿੱਧ ਕਥਾ ਸ੍ਰੀ ਕ੍ਰਿਸ਼ਨ ਅਤੇ ਦਰੋਪਦੀ ਨਾਲ ਸਬੰਧਤ ਹੈ। ਜਦੋਂ ਸ੍ਰੀ ਕ੍ਰਿਸ਼ਨ ਨੇ ਸ਼ਿਸ਼ੂਪਾਲ ਦਾ ਵੱਧ ਕੀਤਾ ਤਾਂ ਉਨ੍ਹਾਂ ਦੀ ਉਂਗਲੀ ਵਿੱਚ ਸੱਟ ਲੱਗ ਗਈ ਅਤੇ ਦਰੋਪਦੀ ਨੇ ਆਪਣੀ ਸਾੜੀ ਦਾ ਪੱਲੂ ਪਾੜ ਕੇ ਉਨ੍ਹਾਂ ਦੀ ਉਂਗਲੀ ਤੇ ਪੱਟੀ ਕੀਤੀ। ਉਨ੍ਹਾਂ ਨੇ ਦ੍ਰੋਪਦੀ ਨੂੰ ਸੰਕਟ ਸਮੇਂ ਮਦਦ ਕਰਨ ਦਾ ਵਚਨ ਦਿੱਤਾ। ਜਦੋਂ ਭਰੀ ਸਭਾ ਵਿਚ ਦ੍ਰੋਪਤੀ ਦਾ ਚੀਰ ਹਰਨ ਕਰਨ ਦੀ ਕੋਸ਼ਿਸ਼ ਹੋਈ ਉਸ ਸਮੇਂ ਸ੍ਰੀ ਕ੍ਰਿਸ਼ਨ ਨੇ ਆਪਣਾ ਵਚਨ ਨਿਭਾਇਆ ਅਤੇ ਦ੍ਰੋਪਤੀ ਦੀ ਲਾਜ ਰੱਖੀ।

ਇਕ ਇਤਿਹਾਸਕ ਕਹਾਣੀ ਦੇ ਅਨੁਸਾਰ ਜਦੋਂ ਮੇਵਾੜ ਦੀ ਰਾਣੀ ਕਰਮਵਤੀ ਨੂੰ ਬਹਾਦਰ ਸ਼ਾਹ ਜ਼ਫ਼ਰ ਦੇ ਮੇਵਾੜ ਉੱਤੇ ਹਮਲਾ ਕਰਨ ਦੀ ਖਬਰ ਮਿਲੀ ਤਾਂ ਉਸ ਨੇ ਮੁਗ਼ਲ ਬਾਦਸ਼ਾਹ ਹੁਮਾਯੂ ਨੂੰ ਰੱਖੜੀ ਦਾ ਧਾਗਾ ਭੇਜ ਕੇ ਉਸ ਦੀ ਰੱਖਿਆ ਕਰਨ ਦੀ ਪ੍ਰਾਰਥਨਾ ਕੀਤੀ ਅਤੇ ਹੁਮਾਯੂੰ ਨੇ ਵੀ ਰੱਖੜੀ ਦੀ ਲਾਜ ਰੱਖਦੇ ਹੋਏ ਮੇਵਾੜ ਵੱਲੋਂ ਲੜਾਈ ਕਰਕੇ ਬਹਾਦੁਰ ਸ਼ਾਹ ਨੂੰ ਹਰਾਇਆ ਅਤੇ ਕਰਮਾਵਤੀ ਅਤੇ ਉਸ ਦੇ ਰਾਜ ਦੀ ਰੱਖਿਆ ਕੀਤੀ।

ਸਮੇਂ ਦੇ ਨਾਲ ਰੱਖੜੀ ਦੇ ਤਿਉਹਾਰ ਦੇ ਅਰਥ ਵੀ ਕੁਝ ਹੱਦ ਤੱਕ ਬਦਲ ਗਏ ਹਨ। ਪਹਿਲਾਂ ਰਖੜੀ ਬੰਨਣ ਸਮੇਂ ਭਰਾ ਭੈਣਾਂ ਨੂੰ ਉਹਨਾਂ ਦੀ ਰੱਖਿਆ ਕਰਨ ਦਾ ਵਚਨ ਦਿੰਦੇ ਸਨ। ਅੱਜ ਜਦੋਂ ਕੁੜੀਆਂ ਆਰਥਿਕ ਰੂਪ ਵਿੱਚ ਮੁੰਡਿਆਂ ਨੂੰ ਟੱਕਰ ਦੇ ਰਹੀਆਂ ਹਨ ਅਤੇ ਘਰਾਂ ਦੀ ਜ਼ਿੰਮੇਦਾਰੀ ਨੂੰ ਪੂਰੀ ਤਰ੍ਹਾਂ ਨਾਲ ਸੰਭਾਲ ਰਹੀਆਂ ਹਨ ਉਹ ਵੀ ਭਰਾਵਾਂ ਦੀ ਰੱਖਿਆ ਕਰਨ ਦੇ ਕਾਬਿਲ ਹੋ ਗਈਆਂ ਹਨ।

ਭੈਣ-ਭਰਾ ਦਾ ਰਿਸ਼ਤਾ ਸਾਡੇ ਜੀਵਨ ਦਾ ਹਿੱਸਾ ਹੈ, ਪਰਿਵਾਰ ਦੀ ਸ਼ਾਨ ਦਾ ਪ੍ਰਤੀਕ ਹੈ ਅਤੇ ਇਸ ਰਿਸ਼ਤੇ ਦੀ ਅਹਿਮੀਅਤ ਨੂੰ ਬਣਾਈ ਰੱਖਣਾ ਹਰ ਭੈਣ ਭਰਾ ਦਾ ਫਰਜ਼ ਬਣਦਾ ਹੈ | ਭਰਜਾਈ ਵੀ ਇਨ੍ਹਾਂ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿਚ ਆਪਣਾ ਯੋਗਦਾਨ ਪਾ ਕੇ ਯੋਗ ਪਾਤਰ ਬਣ ਸਕਦੀ ਹੈ | ਬੱਸ ਲੋੜ ਹੈ ਇਨ੍ਹਾਂ ਰਿਸ਼ਤਿਆਂ ਨੂੰ ਬਣਾਈ ਰੱਖਣ ਦੀ... |

ਅਸੀਂ ਸਮਾਜ ਵਿਚ ਦੇਖਦੇ ਹਾਂ ਕਿ ਭੈਣ ਤੇ ਭਰਾ ਦਾ ਰਿਸ਼ਤਾ ਪਰਿਵਾਰ ਦੇ ਬਾਕੀ ਰਿਸ਼ਤਿਆਂ ਨਾਲੋਂ ਇੱਕ ਅਲੱਗ ਰਿਸ਼ਤਾ ਮੰਨਿਆ ਜਾਂਦਾ ਹੈ। ਇਸ ਰਿਸ਼ਤੇ ਵਿਚ ਤਕਰਾਰ, ਗੁੱਸਾ, ਲੜਾਈ ਜਰੂਰ ਹੁੰਦੀ ਹੈ ਪਰ ਨਾਲ ਪਿਆਰ ਵੀ ਬਹੁਤ ਹੁੰਦਾ ਹੈ। ਇਹ ਤਿਉਹਾਰ ਸਦਾ ਖੁਸ਼ੀਆਂ ਭਰਿਆ ਆਉਂਦਾ ਰਹੇ ਅਤੇ ਭੈਣ-ਭਰਾਵਾਂ ਦੀ ਸਾਂਝ ਸੰਸਾਰ ਉੱਤੇ ਸਦਾ ਹੀ ਬਣੀ ਰਹੇ ....। ਰੱਖੜੀ ਦੇ ਰੂਪ ਵਿਚ ਆਪਣੇ ਭਰਾਵਾਂ ਦੇ ਗੁੱਟ ਉੱਤੇ ਬੰਨ੍ਹ ਕੇ ਉਨ੍ਹਾਂ ਦੀ ਖ਼ੁਸ਼ਹਾਲੀ ਤੇ ਲੰਮੀ ਉਮਰ ਦੀ ਕਾਮਨਾ ਕੀਤੀ ਜਾਂਦੀ ਹੈ।

## ਡਰੀਮਲੈਂਡ ਪਬਲਿਕ ਸਕੂਲ 'ਚ ਰੱਖੜੀ ਬਣਾਉਣ ਅਤੇ ਥਾਲੀ ਸਜਾਵਟ ਦੇ ਮੁਕਾਬਲੇ ਕਰਵਾਏ ਗਏ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 9 ਅਗਸਤ : ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਪ੍ਰਿੰਸੀਪਲ ਰਾਕੇਸ਼ ਸ਼ਰਮਾ ਜੀ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਦੇ ਹੱਥੀਂ ਰੱਖੜੀ ਤਿਆਰ ਕਰਨ ਅਤੇ ਥਾਲੀ ਸਜਾਵਟ ਦੇ ਮੁਕਾਬਲੇ ਤਿੰਨ ਵਰਗਾਂ ਵਿੱਚ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਮੁਕਾਬਲੇ ਦੀ ਜੱਜਮੈਂਟ ਨਵਪ੍ਰੀਤ ਸ਼ਰਮਾ, ਨਿਸ਼ਾ ਸਿੰਗਲਾ, ਲਵਪ੍ਰੀਤ ਕੌਰ, ਅਮਨਦੀਪ ਕੌਰ, ਮੋਨੂੰ, ਰਾਜਵਿੰਦਰ ਕੌਰ, ਪਰਮੀਤ ਕੌਰ, ਸੰਦੀਪ ਕੌਰ, ਕੋਮਲ, ਕਾਜਲ, ਸਰਬਜੀਤ ਕੌਰ ਅਤੇ ਨੀਲਮ ਰਾਣੀ ਨੇ ਕੀਤੀ।ਪਹਿਲੇ ਗਰੁੱਪ ਵਿਚ ਰੱਖੜੀ ਬਣਾਉਣ ਦੇ ਮੁਕਾਬਲੇ ਵਿੱਚ ਪੰਜਵੀਂ ਜਮਾਤ ਦੀ ਵਿਦਿਆਰਥਣ ਏਕਮਨੂਰ ਕੌਰ ਨੇ ਪਹਿਲਾ ਸਥਾਨ, ਚੌਥੀ ਜਮਾਤ ਦੇ ਵਿਦਿਆਰਥੀ ਹਾਰਦਿਕ ਸੇਠੀ ਨੇ ਦੂਜਾ ਸਥਾਨ ਅਤੇ ਬੂਟਾ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਦੂਜੇ ਗਰੁੱਪ ਵਿੱਚ ਥਾਲੀ ਸਜਾਵਟ ਮੁਕਾਬਲੇ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਪਖੁੰੜੀ ਨੇ ਪਹਿਲਾ ਸਥਾਨ, ਛੇਵੀਂ ਜਮਾਤ ਦੀਆਂ ਵਿਦਿਆਰਥਣਾਂ ਸਾਕਸ਼ੀ ਨੇ ਦੂਜਾ ਸਥਾਨ ਅਤੇ ਸ੍ਰਿਸ਼ਟੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਤੀਜੇ ਗਰੁੱਪ ਵਿੱਚ ਸਲੋਗਨ ਲਿਖਤੀ ਮੁਕਾਬਲੇ ਵਿੱਚ ਗਿਆਰਵੀਂ (ਸਾਇੰਸ ਗਰੁੱਪ) ਜਮਾਤ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪਹਿਲਾ ਸਥਾਨ, ਬਾਰ੍ਹਵੀਂ (ਸਾਇੰਸ ਗਰੁੱਪ) ਜਮਾਤ ਦੀ ਵਿਦਿਆਰਥਣ ਖੁਸ਼ਮਨਦੀਪ ਕੌਰ ਨੇ ਦੂਜਾ ਸਥਾਨ ਅਤੇ ਗਿਆਰਵੀਂ (ਸਾਇੰਸ ਗਰੁੱਪ) ਜਮਾਤ ਦੀ ਵਿਦਿਆਰਥਣ ਕਮਲਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਮੈਡਮ ਨਵਪ੍ਰੀਤ ਸ਼ਰਮਾ, ਲਵਪ੍ਰੀਤ ਕੌਰ, ਸੰਦੀਪ ਕੌਰ, ਕਾਜਲ, ਕੋਮਲ ਅਤੇ ਪਰਮੀਤ ਕੌਰ ਸਮੇਤ ਸਮੂਹ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

## ਵਿਦਿਆਰਥੀਆਂ 'ਚ ਥਾਲੀ ਸਜਾਵਟ ਅਤੇ ਰੱਖੜੀ ਮੇਕਿੰਗ ਦੇ ਕਰਵਾਏ ਗਏ ਮੁਕਾਬਲੇ

### ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿੱਚ ਮਨਾਇਆ ਰੱਖੜੀ ਦਾ ਤਿਉਹਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 9 ਅਗਸਤ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ, ਹਰੀ ਨੌਂ ਵਿਖੇ ਰੱਖੜੀ ਦਾ ਤਿਉਹਾਰ ਬਹੁਤ ਹੀ ਧੂਮ–ਧਾਮ ਨਾਲ ਮਨਾਇਆ ਗਿਆ। ਸਵੇਰ ਦੀ ਅਸੈਂਬਲੀ ਵਿੱਚ ਵਿਦਿਆਰਥੀਆਂ ਨੇ ਰੱਖੜੀ ਦੇ ਦਿਨ ਦੀ ਮਹਾਨਤਾ ਨੂੰ ਦੱਸਿਆ। ਇਸ ਮੌਕੇ ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆ ਨੇ ਰੱਖੜੀ ਦੇ ਤਿਉਹਾਰ ਤੇ ਕਵਿਤਾਵਾਂ ਪੇਸ਼




ਕੀਤੀਆਂ। ਸਕੂਲ ਦੀਆਂ ਸਾਰੀਆ ਲੜਕੀਆਂ ਨੇ ਲੜਕਿਆਂ ਨੂੰ ਰੱਖੜੀ ਬੰਨੀ। ਰੱਖੜੀ ਦੇ ਸਬੰਧ ਵਿੱਚ ਰੱਖੇ ਸਮਾਗਮ ਵਿੱਚ ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਆਪਣਾ ਡਾਂਸ ਪੇਸ਼ ਕੀਤਾ। ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੀ ਜਮਾਤ ਦੇ ਅਧਿਆਪਕ ਨਾਲ ਡਾਂਸ ਕੀਤਾ। ਪਹਿਲੀ ਤੋਂ ਛੇਵੀ ਜਮਾਤ ਦੇ ਵਿਦਿਆਰਥੀਆਂ ਵਿੱਚ ਥਾਲੀ ਸਜਾਵਟ ਅਤੇ ਰਾਖੀ ਮੇਕਿੰਗ ਦੀ ਪ੍ਰਤੀਯੋਗਤਾ ਕਰਵਾਈ ਗਈ। ਇਸ ਥਾਲੀ ਸਜਾਵਟ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪੰਜਵੀ ਜਮਾਤ ਦੇ ਵਿਦਿਆਰਥੀ ਦਿਲਜੀਤ ਸਿੰਘ ਅਤੇ ਰਾਖੀ ਮੇਕਿੰਗ ਦੀ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਚੌਥੀ ਜਮਾਤ ਦੀ ਵਿਦਿਆਰਥਣ ਏਕਮਜੀਤ ਕੌਰ ਨੇ ਹਾਸਿਲ ਕੀਤਾ। ਸਕੂਲ ਦੇ ਅਧਿਆਪਕਾਂ ਨੇ ਵੀ ਇੱਕ ਦੂਜੇ ਦੇ ਰੱਖੜੀ ਬੰਨ੍ਹ ਕੇ ਰੱਖੜੀ ਦਾ ਤਿਉਹਾਰ ਮਨਾਇਆ। ਇਸ ਮੌਕੇ ਸਕੂਲ ਦੇ ਐਮ.ਡੀ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੇ ਬਾਰੇ ਜਾਣੂ ਕਰਵਾਉਂਦਿਆਂ ਸਾਰਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ।

## ਬਾਬਾ ਫਰੀਦ ਪਬਲਿਕ ਸਕੂਲ ਨੇ ਕਲਾ ਉਤਸਵ 'ਚ ਬਾਜ਼ੀ ਮਾਰੀ-ਲੋਕ ਨਾਚ ਟੀਮ ਪਹਿਲੇ ਸਥਾਨ 'ਤੇ'

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 9 ਅਗਸਤ : ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਦੀ ਲੋਕ ਨਾਚ ਟੀਮ ਨੇ ਆਪਣੀ ਸ਼ਾਨਦਾਰ ਪੇਸ਼ਕਾਰੀ ਜਰੀਏ ਸਭ ਦਾ ਦਿਲ ਜਿੱਤ ਲਿਆ। ਡਾ. ਮਹਿੰਦਰ ਬਰਾੜ ਸਾਂਭੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਯੋਜਿਤ ਜ਼ਿਲ੍ਹਾ ਪੱਧਰੀ ਕਲਾ ਉਤਸਵ ਵਿੱਚ ਟੀਮ ਨੇ ਪਹਿਲਾ ਇਨਾਮ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਜਾਣਕਾਰੀ ਦਿੰਦਿਆਂ ਸਕੂਲ ਦੀ ਕਾ ਪ੍ਰਿੰਸੀਪਲ ਸੁਖਦੀਪ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਬਿਹਤਰੀਨ ਅੰਦਾਜ਼, ਰੰਗ-ਬਿਰੰਗੇ ਪਹਿਰਾਵੇ ਅਤੇ ਪੰਜਾਬੀ ਸਭਿਆਚਾਰ ਦੀ ਮਿੱਠਾਸ ਨਾਲ ਭਰਪੂਰ ਪ੍ਰਦਰਸ਼ਨ ਨੇ ਦਰਸ਼ਕਾਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ। ਇਸ ਤੋਂ ਇਲਾਵਾ ਵਿਜੂਅਲ ਆਰਟਸ ਦੀਆਂ ਵੱਖ ਵੱਖ ਵੰਨਗੀਆਂ ਵਿੱਚ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ। ਸਮੂਹ ਲੋਕ ਗੀਤ ਵਿੱਚ ਵੀ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਆਪਣੀ ਕਲਾ ਦੇ ਜੌਹਰ ਵਿਖਾਉਂਦੇ ਹੋਏ ਤੀਸਰਾ ਸਥਾਨ ਦਰਜ ਕਰਕੇ ਨਾਮਣਾ ਖੱਟਿਆ। ਉਹਨਾਂ ਦੱਸਿਆ ਕਿ ਇਸ ਜਿੱਤ ਨਾਲ ਬਾਬਾ ਫਰੀਦ ਪਬਲਿਕ ਸਕੂਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖਿਆ ਦੇ ਨਾਲ-ਨਾਲ ਕਲਾ ਅਤੇ ਸਭਿਆਚਾਰ ਦੇ ਮੰਚ 'ਤੇ ਵੀ ਉਹ ਹਮੇਸ਼ਾ ਦੀ ਤਰ੍ਹਾਂ ਸਭ ਤੋਂ ਅੱਗੇ ਹੈ। ਸਕੂਲ ਦੀ ਕਾ ਪ੍ਰਿੰਸੀਪਲ ਸੁਖਦੀਪ ਕੌਰ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਕਲਾ ਪ੍ਰਤੀ ਸਮਰਪਣ ਦੀ ਖ਼ਾਸ ਤੌਰ 'ਤੇ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਜਿੱਤ ਪੂਰੇ ਬਾਬਾ ਫ਼ਰੀਦ ਪਬਲਿਕ ਸਕੂਲ ਲਈ ਮਾਣ ਕਰਨ ਦਾ ਮੌਕਾ ਹੈ। ਕਾ ਵਾਈਸ ਪ੍ਰਿੰਸੀਪਲ ਹਰਸਿਮਰਨਜੀਤ ਕੌਰ ਨੇ ਪੂਰੀ ਟੀਮ ਨੂੰ ਸ਼ਾਬਾਸ਼ੀ ਦਿੱਤੀ ਅਤੇ ਤਿਆਰੀ ਕਰਵਾਉਣ ਵਾਲੇ ਅਧਿਆਪਕ ਸਾਹਿਬਾਨਾਂ ਦੀ ਮਹੱਤਵਪੂਰਨ ਭੂਮਿਕਾ ਦੀ ਵੀ ਸਰਾਹਨਾ ਕੀਤੀ।